**'ਸੰਗਤਿ'** ਲੇਖ ਦੀ ਲੜੀ ਦੇ ਪਿਛਲੇ 8 ਭਾਗਾਂ ਵਿਚ ਦਰਸਾਇਆ ਗਿਆ ਹੈ ਕਿ—

1. ਇਹ ਕਾਇਨਾਤ ਅੱਡ-ਅੱਡ ਕਈ ਕਿਸਮਾਂ ਦੇ ਤੱਤਾਂ ਦੇ **ਇਕੱਠ, 'ਮੇਲ' ਯਾ ਸੰਗਤ ਤੋਂ ਬਣੀ ਹੈ ਜੋ ਆਤਮਿਕ ਕਲਾ ਅਥਵਾ 'ਸ਼ਬਦ' ਦੁਆਰਾ ਚਲ ਰਹੀ ਹੈ।**

2. ਇਨਸਾਨ ਭੀ **ਪੰਜ ਤੱਤਾਂ ਦਾ ਪੁਤਲਾ ਹੈ**, ਜਿਸ ਵਿਚ **ਨਾਮ ਦੀ 'ਜੀਵਨ-ਰੌ'** ਵਰਤ ਰਹੀ ਹੈ।

3. 84 ਲੱਖ ਜੂਨਾਂ ਤਾਂ ਰੱਬੀ **'ਹੁਕਮ'** ਦੇ ਭਾਣੇ ਵਿਚ ਵਰਤਦੀਆਂ ਹਨ, ਪਰ ਇਨਸਾਨ ਨੂੰ ਤੀਖਣ ਬੁੱਧੀ ਅਤੇ 'ਮਾਨਸਿਕ ਆਜ਼ਾਦੀ' ਬਖਸ਼ੀ ਗਈ ਹੈ, ਜਿਸ ਦੁਆਰਾ ਉਹ **'ਹਉਮੈ' ਦੇ ਮਾਇਕੀ ਭਰਮ-ਭੁਲਾਵੇ ਵਿਚ ਆਪਣੀ ਮਨ-ਮਰਜ਼ੀ ਨਾਲ ਵਰਤਦਾ ਹੈ** ਅਤੇ ਅਪਣੇ ਚੰਗੇ-ਮਾੜੇ ਕਰਮਾਂ ਦੇ ਨਤੀਜੇ ਭੁਗਤਦਾ ਹੈ।

4. ਕਾਇਨਾਤ ਦੇ ਸਾਰਿਆਂ ਜੀਵਾਂ ਵਿਚ ਆਪੋ-ਆਪਣੀ ਸ਼੍ਰੇਣੀ ਦੇ ਜੀਵਾਂ ਨਾਲ ਮੇਲ ਕਰਨਾ, ਇਕੱਠੇ ਰਹਿਣਾ ਅਥਵਾ **'ਸੰਗਤ' ਕਰਨਾ** ਕੁਦਰਤੀ ਸੁਭਾਓ (natural instinct) ਹੈ।

5. ਇਹ **'ਮੇਲ' ਅਥਵਾ 'ਸੰਗਤ'—ਸਰੀਰਕ, ਮਾਨਸਿਕ, ਭਾਵਕ ਅਤੇ ਆਤਮਿਕ** ਆਦਿ, **ਕਈ ਸਤਹ ਤੇ ਹੁੰਦੀ ਹੈ।**

6. ਇਸ 'ਮੇਲ' ਅਥਵਾ **'ਸੰਗਤ' ਵਿਚ** ਵਿਚਰਦਿਆਂ ਹੋਇਆਂ ਅਸੀਂ **ਇਕ-ਦੂਜੇ ਦਾ 'ਅਸਰ' ਲੈਂਦੇ-ਦਿੰਦੇ ਹਾਂ।**

7. **ਪ੍ਰਬਲ ਮਨਾਂ ਦਾ 'ਅਸਰ' ਨਿਰਬਲ ਮਨਾਂ ਉਤੇ ਪੈਣਾ ਸੁਭਾਵਕ ਹੈ।**

8. ਇਹ ਮਾਨਸਿਕ ਅਸਰ **'ਚੰਗਾ' ਯਾ 'ਮਾੜਾ'** ਹੋ ਸਕਦਾ ਹੈ, ਜਿਸ ਕਾਰਨ ਸਾਡਾ ਜੀਵਨ **ਖੁਸ਼ਹਾਲ ਯਾ ਦੁਖਦਾਈ ਹੋ ਜਾਂਦਾ ਹੈ।**

9. ਨੀਵੇਂ ਮਲੀਨ **ਮਨਮੁਖ ਪੁਰਸ਼ਾਂ ਦੇ 'ਮੇਲ'** ਨੂੰ **'ਕੁਸੰਗਤ' ਕਿਹਾ ਜਾਂਦਾ ਹੈ।**

10. ਉਤਮ-ਦੈਵੀ-**ਗੁਰਮੁਖ ਪਿਆਰਿਆਂ ਦੇ 'ਮੇਲ' ਨੂੰ 'ਸੰਗਤ', 'ਸਤ ਸੰਗਤ' ਯਾ 'ਸਾਧ ਸੰਗਤ'** ਕਿਹਾ ਜਾਂਦਾ ਹੈ।

11. **ਮਾਇਕੀ ਮਲੀਨ ਬਿਰਤੀ ਵਾਲੇ-ਇਲਾਹੀ-ਰੌਂ ਤੋਂ 'ਟੁਟੇ' ਹੋਏ ਜੀਵਾਂ ਦੇ**



In the last eight parts of this series of articles on 'sangat' or company, it has been discussed that:-

1 This universe which is made of the 'combination' or company of various kinds of separate elements is functioning through spiritual power or 'Shabad' (Word).

2 Man is an effigy or puppet of five elements in whom the 'life-current' of Naam is pervading.

3 The 8.4 life forms are carrying on according to the Will of the Divine 'Command', but man has been bestowed with sharp intellect and 'mental independence' through which in the materialistic doubt-fallacy of egotism, he acts according to his self will and experiences– the effects of his good-bad actions.

4 It is the natural instinct of all life-forms of the universe to meet, stay together or keep the company of their own kind.

5 This getting together or 'company' - be it physical, mental, emotional and spiritual etc. takes place at different levels

6 As part of this 'gathering' or 'company' we influence others or get influenced.

7 Powerful minds naturally influence weak minds.

8 This mental influence can be 'good' or 'bad' which in turn can make our lives happy or sad.

9 The 'gathering' of low, impure, self-willed people is said to be 'bad' or negative company.

10 'Meeting' superior-divine-guru-orientated beloveds is said to be 'sangat' (company), 'sat-sangat' true-company or the 'sadh sangat' the company of the holy.

11 With the 'meeting' or 'company' of people with materialistic impure

**'ਮੇਲ' ਯਾ 'ਸੰਗ' ਕਰਨ ਨਾਲ ਅਸੀਂ ਨੀਵੇਂ ਖਿਆਲ ਅਤੇ ਮੈਲੀਆਂ ਰੁਚੀਆਂ ਗ੍ਰਹਿਣ ਕਰਦੇ ਹਾਂ।**

12. ਦੈਵੀ ਗੁਣਾਂ ਵਾਲੇ **ਗੁਰਮੁਖ ਪਿਆਰਿਆਂ – 'ਸਾਧ'-'ਸੰਤ' – 'ਹਰਿਜਨਾ' ਦੇ ਮੇਲ** ਯਾ **'ਸਤਸੰਗਤ' ਕਰਨ ਨਾਲ ਸਾਡੀ ਰੁਚੀ ਦੈਵੀ ਹੋ ਜਾਂਦੀ ਹੈ** ਅਤੇ ਸਾਡਾ **ਜੀਵਨ 'ਆਤਮਿਕ ਰੰਗਣ' ਵਾਲਾ ਹੋ ਜਾਂਦਾ ਹੈ।**

ਉਪਰਲੀ ਵਿਚਾਰ ਤੋਂ ਸਪਸ਼ਟ ਹੈ ਕਿ ਇਨਸਾਨ ਦੇ **'ਜੀਵਨ' ਦਾ**—

ਚੰਗਾ ਯਾ ਮਾੜਾ ਹੋਣਾ,
ਨਿਰਮਲ ਯਾ ਮਲੀਨ ਹੋਣਾ,
ਸੁਖਦਾਈ ਯਾ ਦੁਖਦਾਈ ਹੋਣਾ,
ਪ੍ਰਫੁਲਤ ਯਾ ਮੁਰਝਾਇਆ ਹੋਣਾ,
ਅਰੋਗ ਯਾ ਰੋਗੀ ਹੋਣਾ,
ਸ਼ਾਂਤ ਯਾ ਅਸ਼ਾਂਤ ਹੋਣਾ,
ਨੇਕ ਯਾ ਬਦ ਹੋਣਾ,
ਕਾਮਯਾਬ ਯਾ ਨਿਸਫਲ ਹੋਣਾ,
ਚੜ੍ਹਦੀਆਂ ਕਲਾ ਯਾ ਢਹਿੰਦੀਆਂ ਕਲਾ ਵਾਲਾ ਹੋਣਾ,
'ਆਤਮ-ਪ੍ਰਾਇਣ ਯਾ 'ਮਾਇਆ ਪ੍ਰਾਇਣ' ਹੋਣਾ,
'ਰਸਦਾਇਕ' ਯਾ 'ਫੋਕਾ ਹੋਣਾ,
'ਆਸਤਕ' ਯਾ ਨਾਸਤਕ' ਹੋਣਾ,
ਆਤਮ ਗਿਆਨ ਯਾ ਮਾਇਕੀ ਗਿਆਨ ਵਾਲਾ ਹੋਣਾ,
**'ਗੁਰਮੁਖ' ਯਾ 'ਮਨਮੁਖ' ਹੋਣਾ,**

ਨਿਰੋਲ ਸਾਡੇ **'ਮੇਲ ਮਿਲਾਪ' ਅਥਵਾ ਸੰਗਤ ਕਰਨ ਉਤੇ ਨਿਰਭਰ ਹੈ।**

**ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ ॥** (ਪੰਨਾ-੧੩੬੯)

ਸੰਗ ਸੁਭਾਉ ਅਸਾਧ ਸਾਧੁ ਪਾਪੁ ਪੁੰਨੁ ਦੁਖੁ ਸੁਖੁ ਫਲੁ ਪਾਵੈ। (ਵਾ.ਭਾ.ਗੁ. ੩੧/੧੩)

ਇਸ ਤਰ੍ਹਾਂ ਬਾਕੀ ੮੪ ਲੱਖ ਜੂਨਾਂ ਅਤੇ ਮਾਦੀ ਚੀਜ਼ਾਂ ਵੀ **ਇਕ ਦੂਜੇ ਦੇ 'ਮੇਲ' ਯਾ 'ਸੰਗ' ਤੋਂ 'ਅਸਰ' ਲੈਂਦੇ ਤੇ ਦਿੰਦੇ ਹਨ,** ਜਿਹਾ ਕਿ ਹਵਾ, ਪਾਣੀ-ਤੱਤ, ਇਕ ਦੂਜੇ ਦੇ ਮੇਲ ਨਾਲ ਠੰਡੇ-ਤੱਤੇ, ਲਾਭਦਾਇਕ ਯਾ ਹਾਨੀਕਾਰਕ ਹੁੰਦੇ ਹਨ। ਇਹਨਾਂ ਚੀਜ਼ਾਂ ਅਥਵਾ ਤੱਤਾਂ ਵਿਚ **ਨਿਰਨਾ ਸ਼ਕਤੀ ਨਹੀਂ ਹੁੰਦੀ, ਇਹ ਨਿਰੋਲ 'ਹੁਕਮ' ਵਿਚ ਵਰਤਦੇ ਹਨ।**

ਇਸੇ ਕਾਰਨ ਇਨਸਾਨਾਂ ਲਈ **'ਮੇਲ' ਯਾ 'ਸੰਗਤ' ਕਰਨ** ਬਾਬਤ ਸ਼ਿਨਾਖਤ ਕਰਨੀ



inclination who are separated from the divine current, we acquire base thoughts and impure inclinations.

Meeting or having the company of guru-orientated beloveds such as- 'holy men'-saints' -'godly men with divine virtues, our inclination becomes divine and our life acquires 'spiritual colouring'.

From the above discussion, it is clear—(whether) man's life becomes

good or bad
pure or impure
happy or miserable
blooms or withers
healthy or unhealthy
calm or agitated
virtuous or sinful
successful or unsuccessful
filled with optimism or filled with pessimism
subordinate to divine will or subordinate to materialism
enjoyable or insipid
theist (believer in God) or atheist
spiritually knowledgeable or materialistically knowledgeable
guru-orientated or self willed

depends completely on our 'interaction' or (the) company (we keep)

1 *According to the company one keeps, so are the fruits one eats.* *1369*

2 *Association with the godly or the demon lead to meritable or sinful acts which in turn will fruit to bring happiness or misery .* *VBG 31/13*

In this way the 8.4 million life-forms and even inanimate things influence each other upon 'meeting' or contact just as the elements of water and air upon meeting become hot or cold, beneficial or destructive. These things or elements do not have the power to judge or discriminate; they act purely according to natural laws or 'command'.

For this reason it is very important for man to determine about

ਅਥਵਾ 'ਨਿਰਨਾ' ਕਰਨਾ ਅਤਿ ਜ਼ਰੂਰੀ ਹੈ। ਪਰ ਸਾਡਾ ਮਲੀਨ ਮਾਇਕੀ 'ਰੁਚੀਆਂ' ਵਾਲਾ 'ਮਨ' ਸਹੀ ਮਹੱਤਵਪੂਰਨ 'ਨਿਰਨਾ' ਕਰ ਹੀ ਨਹੀਂ ਸਕਦਾ, ਕਿਉਂਕਿ ਮਲੀਨ 'ਮਨ' ਦਾ 'ਨਿਰਨਾ' ਭੀ ਮਲੀਨ ਰੁਚੀਆਂ ਵਾਲਾ ਹੀ ਹੋਵੇਗਾ।

ਆਪਣੀ ਬਿਰਤੀ ਅਥਵਾ 'ਰੁਚੀ' ਅਨੁਸਾਰ ਹੀ ਅਸੀਂ ਇਕ ਦੂਜੇ ਵੱਲ ਸਹਿਜ-ਸੁਭਾਇ 'ਖਿੱਚੇ' ਜਾਂਦੇ ਹਾਂ।

ਕੂੜਿਆਰ ਕੂੜਿਆਰੀ ਜਾਇ ਰਲੇ
ਸਚਿਆਰ ਸਿਖ ਬੈਠੇ ਸਤਿਗੁਰ ਪਾਸਿ ॥ (ਪੰਨਾ-੩੧੪)

ਅਮਲੀ ਰਚਨਿ ਅਮਲੀਆ ਸੋਫੀ ਸੋਫੀ ਮੇਲੁ ਕਰੰਦੇ।
ਜੂਆਰੀ ਜੂਆਰੀਆ ਵੇਕਰਮੀ ਵੇਕਰਮ ਰਚੰਦੇ।
ਚੋਰਾ ਚੋਰਾ ਪਿਰਹੜੀ ਠਗ ਠਗ ਮਿਲਿ ਦੇਸ ਠਗੰਦੇ।
ਮਸਕਰਿਆਂ ਮਿਲਿ ਮਸਕਰੇ ਚੁਗਲਾ ਚੁਗਲ ਉਮਾਹਿ ਮਿਲੰਦੇ।
ਮਨਤਾਰੂ ਮਨਤਾਰੂਆਂ ਤਾਰੂ ਤਾਰੂ ਤਾਰ ਤਰੰਦੇ।
ਦੁਖਿਆਰੇ ਦੁਖਿਆਰਿਆਂ ਮਿਲਿ ਮਿਲਿ ਆਪਣੇ ਦੁਖ ਰੁਵੰਦੇ।
ਸਾਧਸੰਗਤਿ ਗੁਰਸਿਖੁ ਵਸੰਦੇ ॥ (ਵਾ.ਭਾ.ਗੁ.-੫/੪)

ਇਸ ਤਰ੍ਹਾਂ ਮਲੀਨ ਮਨ ਦੇ ਅੰਦਰ ਉਚੇਰੀ 'ਦੈਵੀ' ਸੰਗਤ ਕਰਨ ਲਈ ਸ਼ਰਧਾ ਹੀ ਨਹੀਂ ਉਪਜਦੀ ਅਤੇ ਨਾ 'ਖਿੱਚ' ਹੀ ਪੈਂਦੀ ਹੈ। ਜੇਕਰ ਦੈਵੀ ਸੰਗਤ ਵਿਚ ਜਾਣ ਦਾ ਮੌਕਾ ਭੀ ਮਿਲੇ, ਤਾਂ ਭੀ ਸ਼ਰਧਾਹੀਣ ਮਨ ਉਥੋਂ ਲਾਭ ਨਹੀਂ ਲੈਂਦਾ ਬਲਕਿ ਔਖਾ-ਸੌਖਾ ਹੋ ਕੇ ਝੱਟ ਲੰਘਾਉਂਦਾ ਹੈ ਅਤੇ ਠਾਠਾ-ਬਾਗਾ ਹੀ ਕਰਦਾ ਹੈ।

ਜਿਨ ਕੇ ਚਿਤ ਕਠੋਰ ਹਹਿ ਸੇ ਬਹਹਿ ਨ ਸਤਿਗੁਰ ਪਾਸਿ ॥
ਓਥੈ ਸਚੁ ਵਰਤਦਾ ਕੂੜਿਆਰਾਂ ਚਿਤ ਉਦਾਸਿ ॥
ਓਇ ਵਲੁ ਛਲੁ ਕਰਿ ਝਤਿ ਕਢਦੇ
ਫਿਰਿ ਜਾਇ ਬਹਹਿ ਕੂੜਿਆਰਾ ਪਾਸਿ ॥ (ਪੰਨਾ-੩੧੪)

ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ ॥
ਮਨਮੁਖੁ ਸਚਿ ਨ ਭੀਜਈ ਕੂੜੁ ਕੂੜਿ ਗਡਾਵੈ ॥ (ਪੰਨਾ-੪੧੯)

ਸਚਾ ਸਾਹੁ ਸਚੇ ਵਣਜਾਰੇ ਓਥੈ ਕੂੜੇ ਨਾ ਟਿਕੰਨਿ ॥
ਓਨਾ ਸਚੁ ਨ ਭਾਵਈ ਦੁਖ ਹੀ ਮਾਹਿ ਪਚੰਨਿ। (ਪੰਨਾ-੭੫੬)

ਕਬੀਰ ਪਾਪੀ ਭਗਤਿ ਨ ਭਾਵਈ ਹਰਿ ਪੂਜਾ ਨ ਸੁਹਾਇ ॥
ਮਾਖੀ ਚੰਦਨੁ ਪਰਹਰੈ ਜਹ ਬਿਗੰਧ ਤਹ ਜਾਇ ॥ (ਪੰਨਾ-੧੩੬੮)



their 'interaction' or 'company'. But our mind with impure materialistic 'inclinations' cannot determine the conclusion correctly because the impure 'mind' will make the 'decision' based on impure inclinations.

It is according to our inclination or interest that we are automatically 'attracted' towards each other.

1 *The false go and mingle with the false, while the truthful Sikhs sit by the side of the True Guru.* *314*

2 a *The addicts mix-up with addicts and abstainers with the abstainers.*
b *The gamblers mix up with gamblers and scoundrels with scoundrels.*
c *The love abounds among the thieves and the cheats who getting together, dupe the country.*
d *Jesters meet jesters enthusiastically and so do the backbiters.*
e *Unknown to swimming meet similar persons and swimmers by meeting swimmers go and get across.*
f *The afflicted meet the afflicted ones and share their sufferings.*
g *Likewise, the Sikhs of the Guru feel pleasure in the holy congregation.*
*VBG 4/5*

Therefore in the impure mind, faith does not emerge and there is no 'pull' to be part of lofty 'divine' company. Even if there is an opportunity to go for divine sangat or company, the faithless mind does not benefit from there; on the contrary it passes its time with difficulty and just puts on a show.

3 *Those who have hearts as hard as stone, do not sit near the True Guru.*
*Truth prevails there; the false ones do not attune their consciousness to it.*
*By hook or by crook, they pass their time, and then they go back to sit with the false ones again.* *314*

4 *Planting the seeds in the rocky soil, how can one reap a profit?*
*The self-willed manmukh is not pleased with Truth; the false are buried in falsehood.* *419*

5 *True is the Banker, and True are His traders. The false ones cannot remain there.*
*They do not love the Truth - they are consumed by their pain.* *756*

6 *Kabeer, the sinner does not like devotion to the Lord; he does not appreciate worship.*
*The fly abandons the sandalwood tree, and goes after the rotten smell.* *1368*

ਆਦਿ ਤੋਂ ਹੀ ਗੁਰੂਆਂ-ਅਵਤਾਰਾਂ, ਪੀਰ-ਪੈਗੰਬਰਾਂ ਨੇ ਇਨਸਾਨ ਨੂੰ ਸਹੀ ਮਾਨਸਿਕ ਅਤੇ **ਆਤਮਿਕ ਜੀਵਨ ਸੇਧ** ਦੇਣ ਲਈ ਲੋੜ ਅਨੁਸਾਰ **ਧਰਮ ਚਲਾਏ ।**

ਇਹਨਾ ਧਰਮਾਂ ਦੇ ਪ੍ਰਚਾਰ ਲਈ ਬੇਅੰਤ **'ਧਰਮ ਅਸਥਾਨ'** ਬਣੇ, ਜਿਨ੍ਹਾਂ ਵਿਚ ਗੁਣੀ-ਗਿਆਨੀ ਅਤੇ ਧਾਰਮਿਕ ਪ੍ਰਚਾਰਕ ਆਪੋ-ਆਪਣੇ ਧਰਮ ਅਨੁਸਾਰ – ਪਾਠ-ਪੂਜਾ, ਕਰਮ-ਕ੍ਰਿਆ, ਵਰਤ-ਨੇਮ, ਜੋਗ ਸਾਧਨਾ ਅਤੇ **ਸਾਧ ਸੰਗਤ** ਆਦਿ ਦਾ ਪ੍ਰਚਾਰ ਕਰਦੇ ਆਏ ਹਨ ।

**ਪਿਛਲੇ ਜ਼ਮਾਨੇ ਨਾਲੋਂ ਅਜ ਕਲ**— ਧਰਮਾਂ, ਧਾਰਮਿਕ ਅਸਥਾਨਾਂ, ਜ਼ੁਬਾਨੀ ਪ੍ਰਚਾਰ, ਲਿਖਤੀ ਪ੍ਰਚਾਰ, ਟੇਪਾਂ ਵੀਡੀਓ ਰਾਹੀਂ ਪ੍ਰਚਾਰ, ਕੀਰਤਨੀ ਅਖਾੜੇ, **ਕਥਾ-ਵਾਰਤਾ, ਮਿਸ਼ਨਰੀ ਸੰਸਥਾਵਾਂ, ਧਾਰਮਿਕ ਸੰਸਥਾਵਾਂ** ਆਦਿ ਦੀ **ਭਰਮਾਰ ਹੈ** ਅਤੇ ਚਾਰ-ਚੁਫੇਰੇ **ਧਰਮ ਪ੍ਰਚਾਰ ਦਾ 'ਰਾਮ-ਰੌਲਾ' ਪਿਆ ਹੋਇਆ ਹੈ ।**

ਪਰ **ਬੇਅੰਤ ਪ੍ਰਚਾਰ ਦੇ 'ਬਾਵਜੂਦ'** ਜਨਤਾ ਦੀ ਬਹੁ ਸੰਮਤੀ ਧਰਮ ਵਿਚ **'ਦਿਲਚਸਪੀ' ਯਾ 'ਨਿਸਚਾ' ਨਹੀਂ ਰਖਦੀ** ਅਤੇ ਧਾਰਮਿਕ ਸਮਾਗਮਾਂ ਵਿਚ **ਸੰਗਤ ਕਰਨ** ਲਈ ਜਾਣ ਤੋਂ ਗੁਰੇਜ਼ ਅਥਵਾ ਸੰਕੋਚ ਕਰਦੀ ਹੈ ।

ਆਮ ਤੌਰ ਤੇ ਜੇ ਕੋਈ ਧਰਮ ਅਸਥਾਨਾਂ ਵਿਚ **'ਸਤਸੰਗ'** ਕਰਨ ਲਈ ਜਾਂਦੇ ਭੀ ਹਨ, ਤਾਂ ਉਹ—

ਰੀਸੋ-ਰੀਸੀ
ਦੇਖਾ-ਦੇਖੀ
ਲੋਕ ਦਿਖਾਵੇ ਲਈ
ਗਰਜ਼ਾਂ ਦੀ ਪੂਰਤੀ ਲਈ
ਦੁਖਾਂ ਦੀ ਨਿਵਿਰਤੀ ਲਈ
ਅਉਗਣ ਛੁਪਾਉਣ ਲਈ
ਚੌਧਰ ਦੀ ਲਾਲਸਾ ਲਈ
ਦਿਮਾਗੀ ਸਿੰਗ ਅੜਾਉਣ ਲਈ
ਗਿਆਨ ਘੋਟਣ ਲਈ
'ਵਾਹ-ਵਾਹ' ਦੀ ਲਾਲਸਾ ਲਈ
ਰਾਗ ਦੇ ਕਰਤਬ ਦਿਖਾਉਣ ਲਈ
ਜਮਾਂ ਤੋਂ ਬਚਣ ਲਈ
ਨਰਕਾਂ ਤੋਂ ਬਚਣ ਲਈ

**ਹੀ ਜਾਂਦੇ ਹਨ ।**



From the very beginning gurus, avtars, saints, prophets introduced religions according to the needs (of the time) to give correct mental and spiritual life-direction.

To propagate these religions, many religious places were built in which learned-wise men and religious preachers preached according to their respective religions. Recitation-worship, rituals, rules pertaining to fasting, yogic discipline, company of the holy etc have been preached.

Compared with earlier time, nowadays—there is an abundance of religions, religious places, verbal preaching, written preaching, preaching through tapes and videos, arenas where religious hymns are with music, religious discourses, missionary organisations, religious organisations etc and all round there is a 'commotion' of religious preaching.

But despite limitless preaching, majority of the masses do not have 'interest' or 'faith' in religion and people are reluctant to attend religious functions and tend to avoid them.

Generally even if some people go to religious places to participate in the 'sat-sangat', the company of the holy, they go -

to emulate (follow others)
to imitate
to show face
to fulfill personal needs
to ward off suffering
to hide vices
to fulfill desires of lording over others
to lock horns intellectually
to propound knowledge
to fulfill the urge for praise
to display prowess in music
to seek protection from yama, the couriers of death
to be saved from hell.

L86.4

ਇਹੋ ਜਿਹੀ **ਅਖੌਤੀ ਧਾਰਮਿਕ 'ਸੰਗਤ'** ਕਰਨ ਵਾਲੇ ਜੀਵ **ਹਉਮੈ-ਵੇੜ੍ਹੀ ਮੈਂ-ਮੇਰੀ ਦੀ 'ਰੰਗਤ' ਵਾਲੇ ਹੁੰਦੇ ਹਨ**—ਜਿਸ ਕਾਰਨ ਇਹਨਾਂ ਦਾ ਮਾਨਸਿਕ ਅਤੇ ਆਤਮਿਕ **ਜੀਵਨ ਉਚੇਰਾ ਅਤੇ ਦੈਵੀ ਹੋਣ ਦੀ ਬਜਾਏ —ਮੋਹ-ਮਾਇਆ ਦੇ ਖਲਜਗਣ ਵਿਚ ਪਲਚ-ਪਲਚ ਕੇ ਹੋਰ ਭੀ ਨਿਘਰਦਾ ਜਾਂਦਾ ਹੈ।**

**ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥** (ਪੰਨਾ-੧੩੩)

ਸ੍ਰਾਵਗ ਸੁੱਧ ਸਮੂਹ ਸਿਧਾਨ ਕੇ ਦੇਖਿ ਫਿਰਿਓ ਘਰ ਜੋਗ ਜਤੀ ਕੇ ॥
ਸੂਰ ਸੁਰਾਰਦਨ ਸੁੱਧ ਸੁਧਾਦਿਕ ਸੰਤ ਸਮੂਹ ਅਨੇਕ ਮਤੀ ਕੇ ॥
**ਸਾਰੇ ਹੀ ਦੇਸ ਕੋ ਦੇਖਿ ਰਹਿਓ ਮਤ ਕੋਊ ਨ ਦੇਖੀਅਤ ਪ੍ਰਾਨਪਤੀ ਕੇ ॥**
**ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂ ਤੇ**
**ਏਕ ਰਤੀ ਬਿਨੁ ਏਕ ਰਤੀ ਕੇ ॥** (ਸਵੱਯੇ-੧੦)

ਭੋਜਨ ਪਕਾਉਣ ਲਈ ਅੰਗੀਠੀ ਵਿਚ ਕੋਲੇ ਵਰਤੇ ਜਾਂਦੇ ਹਨ। ਇਹਨਾਂ ਕੋਲਿਆਂ ਵਿਚ **ਅਗਨੀ ਦਾ ਤਤ** ਹੁੰਦਾ ਹੈ—ਪਰ ਇਹਨਾਂ ਕੋਲਿਆਂ ਵਿਚੋਂ ਕਈ **ਪੱਥਰ ਦੇ ਟੁਕੜੇ** ਭੀ ਹੁੰਦੇ ਹਨ, ਜਿਨ੍ਹਾਂ ਵਿਚ ਅਗਨੀ ਤਤ ਨਹੀਂ ਹੁੰਦਾ।

ਜੇਕਰ ਕੋਲਿਆਂ ਵਿਚ ਇਹਨਾਂ **ਪੱਥਰਾਂ ਦੇ ਟੁਕੜਿਆਂ** ਦੀ ਗਿਣਤੀ ਬਹੁਤੀ ਹੋਵੇ ਤਾਂ ਅੰਗੀਠੀ ਦਾ ਸੇਕ ਘਟ ਹੋ ਜਾਂਦਾ ਹੈ ਤੇ ਖਾਣਾ ਕੱਚਾ ਰਹਿ ਜਾਂਦਾ ਹੈ।

ਆਮ ਤੌਰ ਤੇ **ਅਜੋਕੇ ਸਤਸੰਗ ਸਮਾਗਮਾਂ ਵਿਚ ਬਾਹਰਲੇ ਦਿਖਾਵੇ ਦੀ ਰੌਣਕ ਤਾਂ ਬਹੁਤੇਰੀ ਹੁੰਦੀ ਹੈ** — ਪਰ **ਆਤਮਿਕ ਜੀਵਨ-ਰੌਂ ਦੀ 'ਨਿੱਘ' ਅਤੇ 'ਪ੍ਰੇਮ-ਭਾਵਨਾ' ਦੀ ਘਾਟ ਹੁੰਦੀ** ਹੈ, ਜਿਸ ਕਾਰਨ ਉਥੇ ਪਾਠ-ਪੂਜਾ, **ਕਰਮ-ਕ੍ਰਿਆ ਦਾ 'ਰਾਮ-ਰੌਲਾ' ਤਾਂ ਬਹੁਤੇਰਾ ਹੁੰਦਾ ਹੈ** ਪਰ ਇਹ **ਧਾਰਮਿਕ ਕਰਮ-ਕਾਂਡ** – ਰੁੱਖੇ, ਸੁੱਕੇ, ਫਿੱਕੇ, ਓਪਰੇ ਜਿਹੇ, ਦਿਖਾਵੇ-ਮਾਤਰ, ਠਾਠਾ-ਬਾਗਾ, ਬੱਧਾ-ਚੱਟੀ, ਭਾਵਨਾ ਹੀਣ, **ਸ਼ਰਧਾ ਹੀਣ, 'ਪਿਆਰ' ਹੀਣ, 'ਜੀਵਨ-ਰੌਂ' ਹੀਣ, 'ਜੀਵਨ-ਨਿੱਘ' ਹੀਣ, 'ਪ੍ਰੇਮ-ਸਵੈਪਨਾ' ਹੀਣ, ਹੀ ਹੁੰਦੇ ਹਨ।**

ਐਸੇ ਰੁੱਖੇ-ਸੁੱਕੇ, 'ਅਖੌਤੀ ਸਤਸੰਗ' ਸਮਾਗਮਾਂ ਵਿਚ **ਜਗਿਆਸੂਆਂ ਦੀਆਂ ਰੂਹਾਂ ਆਤਮਿਕ ਨਿੱਘ ਅਤੇ ਪ੍ਰੇਮ ਸਵੈਪਨਾ ਨਾਲ 'ਟੁੰਬੀਆਂ' ਨਹੀਂ ਜਾਂਦੀਆਂ, 'ਛੋਹ' ਹੀ ਨਹੀਂ ਲਗਦੀ ਅਤੇ ਇਲਾਹੀ 'ਰਸ'-'ਰੰਗ'-'ਸਵਾਦ' ਤੋਂ ਵਾਂਝਿਆਂ ਰਹਿੰਦੇ ਹਨ।** ਉਹਨਾਂ ਦੇ **ਮਾਨਸਿਕ ਅਤੇ ਆਤਮਿਕ ਜੀਵਨ ਵਿਚ ਕੋਈ ਪਰੀਵਰਤਨ ਨਹੀਂ ਆਉਂਦਾ,** ਬਲਕਿ ਮਾਇਕੀ ਰਸਾਤਲ ਵਲ਼ ਹੋਰ ਨਿੱਘਰਦਾ ਜਾਂਦਾ ਹੈ।

ਐਸੇ ਇਲਾਹੀ **'ਜੀਵਨ-ਰੌਂ' ਤੋਂ 'ਟੁੱਟੇ'** ਅਤੇ **'ਨਾਮ' ਤੋਂ 'ਅਣਰੰਗੇ'** ਅਥਵਾ 'ਸੱਖਣੇ' **ਮਨੁਖਾਂ ਦੇ 'ਇਕੱਠ' ਨੂੰ—'ਸਾਧ ਸੰਗਤ' ਅਥਵਾ 'ਸਤ ਸੰਗਤ' ਕਹਿਣਾ,**



Those who participate in such so-called religious 'company' are people with the colouring of ego-ridden me-mineness—as a result of which their mental and spiritual life, instead of becoming lofty and divine, becomes enmeshed in the confusion of attachment-materialism and declines even further.

1 *Entangled and enmeshed in worldly occupations the whole world is perishing.* *133*

2 *I have seen during my tours pure Sravaks (Jaina and Buddhist monks), group of adepts and abodes of ascetics and Yogi.*
*Valiant heroes, demons killing gods, gods drinking nectar and assemblies of saints of various sects.*
*I have seen the disciplines of the religious systems of all the countries, but seen none of the Lord, the Master of my life.*
*They are worth nothing without an iota of the Grace of the Lord. P10 AU 21*

To cook food coal is put in the stove. The coal has the element of fire in it- but some parts of the coal have pieces of stone which do not have the fire element.

If the pieces of stone in the coal are more in number, then the heat from the stove is less and the food does not get cooked properly.

Generally in such congregations the gaiety of external show is really great— but thee is the lack of the 'warmth' of spiritual life-current and 'sentiment of love', resulting in a lot of confusion and moise of recitation-worship, and rituals but these religious rituals are indeed—tasteless, dry, insipid, superficial, showy, a display, enforced, without feelings, lacking faith, devoid of love, without life-current, without 'life warmth', without the love of 'one's inner self'.

In such tasteless-insipid, so-called congregations' the souls of truth seekers are not 'inspired' with spiritual warmth and love of one's inner
being; there is no 'touch' and these souls remain devoid of divine 'taste-colour-relish'. No change takes place in their mental and spiritual lives. On the contrary they continue to sink towards materialistic hell.

To label the gathering of such people - as 'detached', not imbued with 'Naam', or devoid of the divine 'life-current', as sadhsangat or 'satsangat' is

**ਨਾਵਾਜਬ ਅਤੇ ਭੁਲੇਖਾ ਹੈ ।**

ਸਦਾ ਸਹਾਈ ਸੰਤ ਪੇਖਹਿ ਸਦਾ ਹਜੂਰਿ ॥
**ਨਾਮ ਬਿਹੂਣੜਿਆ ਸੇ ਮਰਨ੍ਹਿ ਵਿਸੂਰਿ ਵਿਸੂਰਿ ॥** (ਪੰਨਾ-੩੬੭)

**ਮਨਮੁਖਾ ਕੇਰੀ ਦੋਸਤੀ ਮਾਇਆ ਕਾ ਸਨਬੰਧੁ ॥**
ਵੇਖਦਿਆ ਹੀ ਭਜਿ ਜਾਨਿ ਕਦੇ ਨ ਪਾਇਨਿ ਬੰਧੁ ॥...
ਜੀਅ ਕੀ ਸਾਰ ਨ ਜਾਣਨੀ ਮਨਮੁਖ ਅਗਿਆਨੀ ਅੰਧੁ ॥
**ਕੂੜਾ ਗੰਢੁ ਨ ਚਲਈ ਚਿਕੜਿ ਪਥਰ ਬੰਧੁ ॥** (ਪੰਨਾ-੯੫੯)

ਕਲਰ ਕੇਰੀ ਛਪੜੀ ਕਊਆ ਮਲਿ ਮਲਿ ਨਾਇ ॥
ਮਨੁ ਤਨੁ ਮੈਲਾ ਅਵਗੁਣੀ ਚਿੰਜੁ ਭਰੀ ਗੰਧੀ ਆਇ ॥
ਸਰਵਰੁ ਹੰਸਿ ਨ ਜਾਣਿਆ ਕਾਗ ਕੁਪੰਖੀ ਸੰਗਿ ॥
**ਸਾਕਤ ਸਿਉ ਐਸੀ ਪ੍ਰੀਤਿ ਹੈ ਬੂਝਹੁ ਗਿਆਨੀ ਰੰਗਿ ॥** (ਪੰਨਾ-੧੪੧੧)

**ਕੂਰ ਕ੍ਰਿਆ ਉਰਝਿਓ ਸਭ ਹੀ ਜਗ**
**ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥** (ਸਵੱਯੇ ਪਾ: ੧੦)

ਇਹੋ ਕਾਰਨ ਹੈ ਕਿ **ਸਾਰੀ ਉਮਰ, ਬਲਕਿ ਕਈ ਜਨਮਾਂ ਤੋਂ** ਇਹੋ ਜਿਹੀ **'ਆਤਮ-ਰੰਗ' ਤੋਂ 'ਕੋਰੀ' ਅਤੇ 'ਪ੍ਰੇਮ-ਸਵੈਪਨਾ'** ਹੀਣ **ਅਖੌਤੀ ਸੰਗਤ** ਕਰਦਿਆਂ **ਹੋਇਆਂ ਭੀ ਸਾਡੇ ਮਾਨਸਿਕ ਅਤੇ ਆਤਮਿਕ ਜੀਵਨ ਵਿਚ ਕੋਈ ਉਚੇਰੀ-ਚੰਗੇਰੀ-ਸੁਹਣੇਰੀ-ਦੈਵੀ**—ਤਬਦੀਲੀ, ਤਰੱਕੀ, ਸਾਹਸ, ਆਤਮ-ਰਸ, ਆਤਮ-ਰੰਗ, ਖਿੱਚ, ਪ੍ਰੀਤ, ਪ੍ਰੇਮ, ਚਾਉ, ਹੁੱਲਾਸ **ਦੀ 'ਝਲਕ'** ਨਹੀਂ **ਵਜਦੀ ।**

ਐਸੀ ਰੁੱਖੀ-ਸੁੱਕੀ ਫੋਕੀ **ਅਖੌਤੀ ਸੰਗਤ** ਕਰਦਿਆਂ ਹੋਇਆਂ **ਅਸੀਂ ਅਪਣੇ ਆਪ ਵਿਚ ਪੂਰਨ ਤੌਰ ਤੇ 'ਸੰਤੁਸ਼ਟ' ਹੁੰਦੇ ਹਾਂ ਅਤੇ ਲੋਕਾਂ ਨੂੰ ਭੀ ਇਹੋ ਜਿਹੀ ਅਖੌਤੀ ਸੰਗਤ ਵਲ ਪ੍ਰੇਰਦੇ ਹਾਂ ।**

ਕਿਸੇ ਵਿਦਿਅਕ, ਵਿਗਿਆਨਕ, ਸਮਾਜਿਕ, ਧਾਰਮਿਕ ਆਦਿ ਸੰਸਥਾਵਾਂ ਦਾ **ਮਾਹੌਲ-ਵਡਿਆਈ ਯਾ ਉੱਚਤਾਈ** – ਉਹਨਾਂ ਦੇ ਮੋਢੀ, ਪ੍ਰਬੰਧਕ, ਪ੍ਰਚਾਰਕ, ਸੇਵਾਦਾਰਾਂ **ਉਤੇ ਨਿਰਭਰ ਹੁੰਦੀ ਹੈ ।** ਸਿਰਫ਼ ਸੋਹਣੇ ਨਾਵਾਂ, ਥਾਵਾਂ ਅਤੇ ਇਮਾਰਤਾਂ ਦੀ ਸ਼ਾਨ ਹੀ ਇਹਨਾਂ ਸੰਸਥਾਵਾਂ ਦੀ **ਅੰਦਰਲੀ ਵਡਿਆਈ ਯਾ ਉਚਿਆਈ ਦਾ ਪ੍ਰਤੀਕ ਨਹੀਂ ਹੋ ਸਕਦੀ ।**

ਮਿਸਾਲ ਦੇ ਤੌਰ ਤੇ ਸਕੂਲ ਯਾ ਕਾਲਜ ਦੇ ਸੋਹਣੇ ਮੰਦਰ ਅਤੇ ਆਲਾ-ਦੁਆਲਾ ਅਤੇ ਗੁਰੂ ਸਾਹਿਬਾਂ ਦੀਆਂ ਹਸਤੀਆਂ ਨਮਿੱਤ ਨਾਮ ਰੱਖ ਕੇ ਜੇ **ਉਹਨਾਂ ਵਿਚ ਉਚੀ-ਸੁਚੀ ਆਤਮਿਕ ਸਿਖਿਆ ਦੇ ਧਾਰਮਿਕ ਮਾਹੌਲ ਦਾ ਵਾਤਾਵਰਨ ਨਾ ਹੋਵੇ ਤਾਂ ਇਹ ਸਭ**



improper and a fallacy.

1 *You are the constant help and support of the Saints, who behold You Ever-present.*
*Those who lack the Naam, the Name of the Lord, shall die, engulfed in sorrow and pain.* 367

2 *Friendship with the self-willed manmukhs is an alliance with Maya.*
*As we watch, they run away; they never stand firm.*
*The self-willed manmukhs are ignorant and blind; they do not know the secrets of the soul.*
*The false bond does not last; it is like stones joined with mud.* 959

3 *The crow rubs and washes itself in the mud puddle.*
*Its mind and body are polluted with its own mistakes and demerits, and its beak is filled with dirt.*
*The swan in the pool associated with the crow, not knowing that it was evil.*
*Such is the love of the faithless cynic; understand this, O spiritually wise ones, through love and devotion.* 1411

4 *The whole world is entangled in false rituals and has not known the secret of Lord-God. Swayyeh.* *GS Akal Ustat / 30*

This is the reason why despite having the so-called company 'devoid' of spiritual colour and 'self-illumination' in this life and previous lives, there is no 'flash' of lofty-good-beautiful-divine—change, progress, fearlessness, spiritual relish, spiritual hue, pull, love, affection, eagerness, high spirits in our mental and spiritual lives.

Having such so-called insipid, hollow company, we are not only completely satisfied with ourselves but (in so doing) we encourage others towards such company as well.

The ambience, praise-worthiness or loftiness of any educational, scientific, social, religious organisations is dependent on their leaders, managers, preachers and other s serving there. Glory of mere beautiful names, places cannot be the symbol of the inner greatness or loftiness of these organisations.

For example if a school or college has a beautiful building, attractive surroundings and names of Gurus are used to name buildings, but there is no religious atmosphere of lofty-pure spiritual teaching,

ਕੁਛ ਦਿਖਾਵੇ ਮਾਤਰ ਹੀ ਹੋ ਜਾਂਦਾ ਹੈ ਅਤੇ ਐਸੇ ਵਿਦਿਅਕ ਕਾਲਜਾਂ ਦੇ ਬੱਚੇ ਸਹੀ ਉਚੀ-ਸੁਚੀ ਧਾਰਮਿਕ ਅਥਵਾ ਆਤਮਿਕ ਜੀਵਨ-ਸੇਧ ਤੋਂ ਵਾਂਝੇ ਰਹਿੰਦੇ ਹਨ।

'ਸੰਗਤ'-ਲਫ਼ਜ਼ 'ਆਤਮਿਕ ਮੰਡਲ' ਦੀਆਂ ਅਤਿ ਸੂਖਮ ਭਾਵਨਾਵਾਂ ਅਤੇ ਪ੍ਰੇਮ ਸਵੈਪਨਾਵਾਂ' ਦੇ ਉਚੇ-ਸੁਚੇ ਇਲਾਹੀ ਅਦੇਸ਼ਾਂ ਅਤੇ 'ਅਜਲ ਦੇ ਸੁਨੇਹੜਿਆਂ' ਦਾ ਪ੍ਰਤੀਕ ਹੈ। ਜਿਸ ਵਿਚ ਆਤਮਿਕ ਗੁਣਾਂ ਦਾ ਵਰਤ-ਵਰਤਾਰਾ ਹੁੰਦਾ ਹੈ ਅਤੇ ਉਥੇ— ਸ਼ਾਂਤੀ ਹੈ, ਠੰਢ ਹੈ, ਪ੍ਰੀਤ ਹੈ, ਪਿਆਰ ਹੈ, ਚਾਉ ਹੈ, ਆਤਮ ਰਸ ਹੈ, ਆਤਮ ਰੰਗ ਹੈ, ਪ੍ਰੇਮ ਸਵੈਪਨਾ ਹੈ, ਸ਼ਬਦ ਹੈ, ਨਾਮ ਹੈ, ਕੁਸ਼ਲ ਖੇਮ ਹੈ, ਸਦੀਵੀ ਸੁਖ ਹੈ।

ਜਿਥੇ ਇਹੋ ਜਿਹੇ ਆਤਮਿਕ ਰੰਗਣ ਵਾਲਾ 'ਮਾਹੌਲ' ਹੋਵੇ, ਉਸ ਨੂੰ ਹੀ 'ਸਤਸੰਗਤ' ਅਥਵਾ 'ਸਾਧਸੰਗਤ' ਕਿਹਾ ਗਿਆ ਹੈ।

ਪਰ 'ਸਤਸੰਗ' ਯਾ 'ਸਾਧਸੰਗਤ' ਦੀ ਬਾਬਤ ਭੀ 'ਭੁਲੇਖੇ' ਪਏ ਹੋਏ ਹਨ, ਇਹਨਾਂ ਭੁਲੇਖਿਆਂ ਦਾ ਨਿਰਣਾ ਕਰਨ ਦੀ ਲੋੜ ਹੈ।

ਆਮ ਤੌਰ ਤੇ ਦੁਨਿਆਵੀ ਬੰਦਿਆਂ ਦੇ ਇਕੱਠ ਨੂੰ 'ਸਾਧਸੰਗਤ' ਯਾ 'ਸਤਸੰਗਤ' ਕਿਹਾ ਜਾਂਦਾ ਹੈ—ਪਰ ਗੁਰਬਾਣੀ ਦੇ ਆਸ਼ੇ ਅਨੁਸਾਰ—

ਬਖਸ਼ਿਆਂ ਹੋਇਆਂ
ਮਹਾਂਪੁਰਖਾਂ
ਸੰਤਾਂ
ਸਾਧ ਜਨਾਂ
ਭਗਤਾਂ
ਸਿਮਰਨ ਵਾਲਿਆਂ
'ਸ਼ਬਦ-ਸੁਰਤਿ' ਵਾਲਿਆਂ
ਅਨਹਦ ਸ਼ਬਦ ਵਿਚ ਲੀਨ ਹੋਏ
ਗੁਰੂ ਪਿਆਰ ਵਿਚ ਰੰਗੇ ਹੋਏ
'ਨਾਨਕ ਘਰ ਦੇ ਗੋਲੇ' ਬਣੇ ਹੋਏ
'ਬੇ-ਖਰੀਦ' ਸੇਵਕ ਬਣੇ ਹੋਏ
'ਪ੍ਰੇਮ-ਸਵੈਪਨਾ' ਦੀ ਮਸਤੀ ਵਾਲੇ
'ਪ੍ਰੇਮ ਰਸ' ਵਿਚ ਖੀਵੇ ਹੋਏ
'ਪ੍ਰੇਮ-ਪਿਆਲੇ' ਨਾਲ ਨਸ਼ਈ ਹੋਏ
'ਚੁੱਪ-ਪ੍ਰੀਤ' ਵਿਚ ਮਤਵਾਰੇ ਹੋਏ

ਗੁਰਮੁਖ ਪਿਆਰਿਆਂ ਦੀ 'ਸੰਗਤ' ਨੂੰ ਹੀ ਗੁਰਬਾਣੀ ਵਿਚ—

ਸਤਿ ਸੰਗਤ



then all is just a show and the children in these educational colleges remain 'deprived' of lofty-pure religious spiritual life-direction.

The word 'sangat' is a symbol of the very subtle desires and love of the Self' of the divine realm's lofty-pure divine aims and the beauty of destiny in which divine virtues operate and there - calmness prevails, coolness exists, love is present, joy abounds, divine relish is present, divine colour is at hand, love of the self is there, Shabad or Word is present, Naam is there, pleasure and happiness abound, eternal peace reigns.

Such an 'atmosphere' with spiritual colouring is indeed said to be '*sat-sangat*' or '*sadhsangat*'.

But doubts exist about '*satsangat*' or '*sadhsangat*'. It is necessary to have a discerning look at these doubts.

Generally the gathering of worldly people is said to be 'sadhsangat' or 'satsangat' but according to the expectations of Gurbani, it is the 'company' of guru-orientated beloved ones who are -

spiritually blessed
highly evolved souls
saints
holy people
devotees
immersed in simran
merged in the 'word-consciousness'
imbued in unstruck word
coloured with Guru's love
slaves of the house of Nanak
purchased slaves
intoxicated in the love of the Self within
intoxicated in the 'relish of love'
drunk with the 'goblet of love'
intoxicated with silent love

and they are the ones referred to and honoured in Gurbani with words such as-

true company

ਸਾਧ ਸੰਗਤ
ਦੈਵੀ ਸੰਗਤ
ਉਚੀ ਸੰਗਤ
ਸੁਚੀ ਸੰਗਤ
ਆਤਮ ਸੰਗਤ
ਸਚ ਸੰਗਤ
ਗੁਰ ਸੰਗਤ
ਸੰਤ ਮੰਡਲੀ
ਸਾਧ ਸਭਾ
ਗੁਰ ਸਭਾ
ਉਤਮ ਪੰਥ
ਸੰਤ ਸਜਨ ਪਰਵਾਰੁ

ਆਦਿ **ਅਖਰਾਂ ਦੁਆਰਾ ਸਨਮਾਨਿਆ ਗਿਆ ਹੈ।**

ਗੁਰਬਾਣੀ ਵਿਚ ਐਸੀ **ਆਤਮਿਕ ਰੰਗਣ ਵਾਲੀ 'ਸੰਤਸੰਗਤ'** ਅਥਵਾ **'ਸਾਧਸੰਗਤ'** ਦੀ ਵਡਿਆਈ ਅਪਰ-ਅਪਾਰ ਦਰਸਾਈ ਗਈ ਹੈ—

ਸਤਸੰਗਤਿ ਕੈਸੀ ਜਾਣੀਐ ॥
**ਜਿਥੈ ਏਕੋ ਨਾਮੁ ਵਖਾਣੀਐ ॥** (ਪੰਨਾ-੭੨)

**ਸੰਤ ਸਭਾ ਕਉ ਸਦਾ ਜੈਕਾਰੁ ॥**
ਹਰਿ ਹਰਿ ਨਾਮੁ ਜਨ ਪ੍ਰਾਨ ਅਧਾਰੁ ॥ (ਪੰਨਾ-੧੮੩)

**ਸੰਤਸੰਗਿ ਹਰਿ ਮਨਿ ਵਸੈ ॥**
ਦੁਖੁ ਦਰਦੁ ਅਨੇਰਾ ਭ੍ਰਮੁ ਨਸੈ ॥ (ਪੰਨਾ-੨੧੧)

**ਸਤਸੰਗਤਿ ਮਹਿ ਹਰਿ ਉਸਤਤਿ ਹੈ ਸੰਗਿ ਸਾਧੂ ਮਿਲੇ ਪਿਆਰਿਆ ॥**
ਓਇ ਪੁਰਖ ਪ੍ਰਾਣੀ ਧੰਨਿ ਜਨ ਹਹਿ ਉਪਦੇਸੁ ਕਰਹਿ ਪਰਉਪਕਾਰਿਆ ॥
ਹਰਿ ਨਾਮੁ ਦ੍ਰਿੜਾਵਹਿ ਹਰਿ ਨਾਮ ਸੁਣਾਵਹਿ
ਹਰਿ ਨਾਮੇ ਜਗੁ ਨਿਸਤਾਰਿਆ ॥ (ਪੰਨਾ-੩੧੧)

ਸੁੰਦਰੁ ਸੁਘੜੁ ਸੂਰੁ ਸੋ ਬੇਤਾ ਜੋ ਸਾਧੂ ਸੰਗੁ ਪਾਵੈ ॥ (ਪੰਨਾ-੫੩੧)

**ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥**
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ। (ਪੰਨਾ-੬੪੨)



company of the holy
divine company
lofty company
pure company
spiritual company
company of truth
Guru's congregation
society of saints
association of the ascetics
Guru's congregation
the sublime path
family of saintly beings.

In Gurbani '*sant-sangat*', or '*sadh-sangat*', the spiritually imbued company is given boundless praise.

1 *How is the Society of the Saints to be known?*
*There, the Name of the One Lord is chanted.* 72

2 *I salute and applaud the Society of the Saints.*
*The Name of the Lord, Har, Har, is the Support of the breath of life of His servant.* 183

3 *In the Society of the Saints, the Lord dwells in the mind,*
*and pain, suffering, darkness and doubt depart.* 211

4 *In the Sat Sangat, the True Congregation, the Lord's Praises are sung. In the Saadh Sangat, the Company of the Holy, the Beloved Lord is met.*
*Blessed is that mortal being, who shares the Teachings for the good of others.*
*He implants the Name of the Lord, and he preaches the Name of the Lord;*
*through the Name of the Lord, the world is saved.* 311

5 *Beautiful, wise, brave and divine is one who obtains the Saadh Sangat, the Company of the Holy.* 531

6 *Singing the Kirtan of the Lord's Praises in the Saadh Sangat, the Company of the Holy, is the highest of all actions.*
*Says Nanak, he alone obtains it, who is pre-destined to receive it.* 642

ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥
ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ ॥ (ਪੰਨਾ-੮੦੯)

**ਭੇਟਤ ਸੰਗਿ ਪਾਰਬ੍ਰਹਮੁ ਚਿਤਿ ਆਇਆ ॥**
ਸੰਗਤਿ ਕਰਤ ਸੰਤੋਖੁ ਮਨਿ ਪਾਇਆ ॥ (ਪੰਨਾ-੮੮੯)

**ਸੰਤ ਮੰਡਲ ਮਹਿ ਹਰਿ ਮਨਿ ਵਸੈ ॥**
**ਸੰਤ ਮੰਡਲ ਮਹਿ ਦੁਰਤੁ ਸਭੁ ਨਸੈ ॥**
**ਸੰਤ ਮੰਡਲ ਮਹਿ ਨਿਰਮਲ ਰੀਤਿ ॥**
**ਸੰਤਸੰਗਿ ਹੋਇ ਏਕ ਪਰੀਤਿ ॥**
**ਸੰਤ ਮੰਡਲੁ ਤਹਾ ਕਾ ਨਾਉ ॥**
**ਪਾਰਬ੍ਰਹਮ ਕੇਵਲ ਗੁਣ ਗਾਉ ॥** (ਪੰਨਾ-੧੧੪੬)

ਅਗਮ ਅਗਾਧਿ ਸੁਨਹੁ ਜਨ ਕਥਾ ॥
ਪਾਰਬ੍ਰਹਮ ਕੀ ਅਚਰਜ ਸਭਾ ॥ (ਪੰਨਾ-੧੨੩੫)

ਪਰ ਐਸੀ ਉਚੀ-ਸੁਚੀ 'ਆਤਮਿਕ ਸੰਗਤਿ' ਗੁਰੂ **ਦੀ ਕਿਰਪਾ ਅਤੇ ਵਡੇ ਭਾਗਾਂ ਨਾਲ ਹੀ ਮਿਲਦੀ ਹੈ—**

**ਕਿਰਪਾ ਕਰੇ ਜਿਸੁ ਪਾਰਬ੍ਰਹਮ ਹੋਵੈ ਸਾਧੂ ਸੰਗੁ ॥**
ਜਿਉ ਜਿਉ ਓਹੁ ਵਧਾਈਐ ਤਿਉ ਤਿਉ ਹਰਿ ਸਿਉ ਰੰਗੁ ॥ (ਪੰਨਾ-੭੧)

ਸੰਤਾਂ ਸੰਗਤਿ ਪਾਈਐ ਜੇ ਮੇਲੇ ਮੇਲਣਹਾਰੁ ॥ (ਪੰਨਾ-੫੬)

ਜਾ ਕੈ ਹਰਿ ਧਨੁ ਸੋਈ ਸੁਹੇਲਾ ॥
**ਪ੍ਰਭ ਕਿਰਪਾ ਤੇ ਸਾਧਸੰਗਿ ਮੇਲਾ ॥** (ਪੰਨਾ-੧੭੯)

**ਕਿਰਪਾ ਨਿਧਿ ਕਿਰਪਾਲ ਧਿਆਵਉ ॥**
**ਸਾਧਸੰਗਿ ਤਾ ਬੈਠਣੁ ਪਾਵਉ ॥** (ਪੰਨਾ-੧੮੩)

**ਜਿਸੁ ਭਇਆ ਕ੍ਰਿਪਾਲੁ ਤਿਸੁ ਸਤਸੰਗਿ ਮਿਲਾਇਆ ॥**
ਕਹੁ ਨਾਨਕ ਗੁਰਿ ਜਗਤੁ ਤਰਾਇਆ ॥ (ਪੰਨਾ-੨੩੯)

**ਕਰਿ ਕਿਰਪਾ ਸਤਸੰਗਿ ਮਿਲਾਏ ॥**
ਨਾਨਕ ਤਾ ਕੈ ਨਿਕਟਿ ਨ ਮਾਏ ॥ (ਪੰਨਾ-੨੫੧)

**ਜਿਨ ਕਉ ਕ੍ਰਿਪਾ ਕਰਤ ਹੈ ਗੋਬਿਦੁ ਤੇ ਸਤਸੰਗਿ ਮਿਲਾਤ ॥** (ਪੰਨਾ-੧੨੪੨)

ਵਡੇ ਭਾਗਿ ਸਤਿਸੰਗਤਿ ਪਾਈ ਹਰਿ ਪਾਇਆ ਸਹਜਿ ਅਨੰਦੁ ॥ (ਪੰਨਾ-੨੯)



1 *This is the Glory of the Saadh Sangat, the Company of the Holy; listen, O my friends.*
*Filth is washed away, millions of sins are dispelled, and the consciousness becomes immaculate and pure.* 809

2 *Meeting with the Sangat, the Congregation, the Supreme Lord God has come into my consciousness.*
*In the Sangat, my mind has found contentment.* 889

3 *In the Realm of the Saints, the Lord dwells in the mind.*
*In the Realm of the Saints, all sins run away.*
*In the Realm of the Saints, one's lifestyle is immaculate.*
*In the Society of the Saints, one comes to love the One Lord.*
*That alone is called the Realm of the Saints,*
*where only the Glorious Praises of the Supreme Lord God are sung.* 1146

4 *Listen to the Story of the Inaccessible and Unfathomable.*
*The glory of the Supreme Lord God is wondrous and amazing!* 1235

But such lofty-pure 'spiritual company' is obtained only with Guru's grace and with great fortune -

5 *The Supreme Lord showers His Mercy, and we find the Saadh Sangat, the Company of the Holy.*
*The more time we spend there, the more we come to love the Lord.* 71

6 *In the Society of the Saints, He is found, if the Uniter unites us.* 56

7 *One who obtains the wealth of the Lord becomes happy.*
*By God's Grace, I have joined the Saadh Sangat.* 179

8 *Meditating on the Merciful Lord, the Treasure of Mercy, I have obtained a seat in the Saadh Sangat.* 183

9 *When the Lord becomes merciful, one joins the Sat Sangat, the True congregation.*
*Says Nanak, the Guru has saved the world.* 239

10 *The Lord showers His Mercy, and leads us to join the Sat Sangat, the True Congregation.*
*O Nanak, Maya does not even come near.* 251

11 *Those who are mercifully blessed by the Lord of the Universe, join the Sat Sangat, the True Congregation.* 1242

12 *By great good fortune, I found the Sat Sangat, the True Congregation; I have found the Lord, with intuitive ease and ecstasy.* 29

L86.9

**ਵਡਭਾਗੀ ਹਰਿ ਸੰਗਤਿ ਪਾਵਹਿ ॥**
ਭਾਗਹੀਨ ਭ੍ਰਮਿ ਚੋਟਾ ਖਾਵਹਿ ॥ (ਪੰਨਾ-੯੫)

**ਪੂਰਨ ਭਾਗ ਭਏ ਜਿਸੁ ਪ੍ਰਾਣੀ ॥**
**ਸਾਧ ਸੰਗਿ ਮਿਲੇ ਸਾਰੰਗਪਾਣੀ ॥** (ਪੰਨਾ-੧੦੮)

**ਕਰਮੁ ਹੋਵੈ ਸਤਸੰਗਿ ਮਿਲਾਏ ॥**
ਹਰਿ ਗੁਣ ਗਾਵੈ ਬੈਸਿ ਸੁ ਥਾਏ ॥ (ਪੰਨਾ-੧੫੮)

ਪਰ, **ਦੁਨੀਆ ਵਿਚ ਐਸੇ ਬਖਸ਼ੇ ਹੋਏ ਗੁਰਮੁਖ ਪਿਆਰੇ 'ਵਿਰਲੇ' ਹੀ ਹੁੰਦੇ ਹਨ**—

ਭਾਉ ਭਗਤਿ ਭਗਵਾਨ ਸੰਗਿ ਮਾਇਆ ਲਿਪਤ ਨ ਰੰਚ ॥
**ਨਾਨਕ ਬਿਰਲੇ ਪਾਈਅਹਿ ਜੋ ਨ ਰਚਹਿ ਪਰਪੰਚ ॥** (ਪੰਨਾ-੨੯੭)

ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ ॥ (ਪੰਨਾ-੩੯੪)

**ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ॥** (ਪੰਨਾ-੫੧੭)

ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ ॥
**ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ ॥** (ਪੰਨਾ-੫੨੦)

**ਐਸੇ ਜਨ ਵਿਰਲੇ ਸੰਸਾਰੇ ॥**
**ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ ॥**
ਆਪਿ ਤਰਹਿ ਸੰਗਤਿ ਕੁਲ ਤਾਰਹਿ ਤਿਨ ਸਫਲ ਜਨਮੁ ਜਗਿ ਆਇਆ ॥ (ਪੰਨਾ-੧੦੩੯)

**ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰ ॥** (ਪੰਨਾ-੧੪੧੧)

ਮੁਹਬਤਿ ਜਿਸੁ ਖੁਦਾਇ ਦੀ ਰਤਾ ਰੰਗਿ ਚਲੂਲਿ ॥
**ਨਾਨਕ ਵਿਰਲੇ ਪਾਈਅਹਿ ਤਿਸੁ ਜਨ ਕੀਮ ਨ ਮੂਲਿ ॥** (ਪੰਨਾ-੯੬੬)

ਸਚੁ ਸੁਹਾਵਾ ਕਾਢੀਐ ਕੂੜੈ ਕੂੜੀ ਸੋਇ ॥
**ਨਾਨਕ ਵਿਰਲੇ ਜਾਣੀਅਹਿ ਜਿਨ ਸਚੁ ਪਲੈ ਹੋਇ ॥** (ਪੰਨਾ-੧੧੦੦)

ਐਸੀ—ਉਚੀ, ਸੁਚੀ, ਨਾਮ-ਰਸ, ਆਤਮ-ਰੰਗ, ਜੀਉਂਦੀ-ਜਾਗਦੀ, ਥਰ-ਥਰਾਉਂਦੀ, ਰੁਣ-ਝੁਣ ਲਾਉਂਦੀ, ਆਤਮ-ਛੋਹ, ਪ੍ਰੇਮ-ਪਦਾਰਥ ਦੀ ਲੇਵਾਦੇਵੀ, ਆਤਮਿਕ ਵਣਜ ਵਪਾਰ, ਅਜਲ ਦੇ ਸੁਨੇਹੜੇ, ਚੁਪ-ਪ੍ਰੀਤ ਦੀਆਂ ਭਾਵਨਾਵਾਂ, ਪ੍ਰੇਮ ਸਵੈਪਨਾ ਦੇ ਅਕਾਸ਼ ਵਿਚ ਉਡਾਰੀਆਂ ਲਾਉਣ ਵਾਲੀ **ਸੰਤ ਮੰਡਲੀ** ਨੂੰ ਹੀ **'ਸਾਧ ਸੰਗਤ' ਮੰਨਿਆ ਗਿਆ ਹੈ।**

**ਐਸੀ ਆਤਮਿਕ ਰੰਗਣ ਵਾਲੀ 'ਸਤਸੰਗਤ' ਅਥਵਾ 'ਸਾਧ ਸੰਗਤ' ਦੇ**



1 *By great good fortune, the Lord's Congregation is found,*
*while the unfortunate ones wander around in doubt, enduring painful beatings.* 95

2 *That mortal who is blessed by perfect destiny meets the Lord, the Sustainer of the Universe, in the Company of the Holy.* 108

3 *Through the karma of good actions, one joins the Sat Sangat, the True Congregation.*
*Sing the Glories of the Lord, sitting in that place.* 158

But such spiritually elevated beloveds are indeed 'rare' in this world -

4 *By loving devotion to the Lord God, you shall not be polluted by Maya at all.*
*O Nanak, how rare are those, who are not engrossed in worldly entanglements.* 297

5 *In the midst of the world, they are known as the most pious - they are rare indeed.* 517

6 *The sight of them banishes my evil-mindedness; they are my only true friends.*
*I have searched the whole world; O servant Nanak, how rare are such persons!* 520

7 *Rare are those beings in this world,*
*who contemplate the Word of the Guru's Shabad, and remain detached.*
*They save themselves, and save all their associates and ancestors; fruitful is their birth and coming into this world. 1039*

8 *The Saints are few and far between; everything else in the world is just a pompous show.* 1411

8 *One who loves God is imbued with the deep crimson color of His love.*
*O Nanak, such a person is rarely found; the value of such a humble person can never be estimated.* 966

9 *The true person is said to be beautiful; false is the reputation of the false.*
*O Nanak, rare are those who have Truth in their laps.* 1100

Such an association or assembly of saintly persons that is lofty, pure, alive and awakened, imbibes celestial melody, has the divine touch, interacts with the wealth of the Lord's Name, deals with spiritual transactions, understands the beauty of destiny, habours the feelings of silent love, take flight in the sky of the Love of the Self—is indeed acknowledged as 'sadh-sangat' the company of the holy (those who have successfully fashioned or sculptured their lives through the teaching of the Guru).

In the influence of such a 'satsangat' or 'sadhsangat that is imbued with spiritual colouring

**ਆਤਮ-ਪ੍ਰਭਾਵ ਵਿਚ ਜਗਿਆਸੂਆਂ ਦੇ ਮਨਾਂ ਦੀਆਂ ਬਿਰਤੀਆਂ—**

**ਦੁਨੀਆਂ ਵਲੋਂ ਮੁੜਦੀਆਂ ਹਨ**

**ਅਤੇ**

**ਅਪਣੇ ਆਪੇ ਵਿਚ ਜੁੜਦੀਆਂ ਹਨ ।**

**ਐਸੇ ਉਤਮ 'ਸਤਸੰਗ' ਅਥਵਾ ਸਾਧ ਸੰਗਤ ਵਿਚ ਮਨ—**

ਠੰਢਾ ਹੁੰਦਾ ਹੈ ।
ਟੁੰਬਿਆ ਜਾਂਦਾ ਹੈ ।
ਆਤਮ-ਛੋਹ ਦੀ 'ਕੰਬਣੀ' ਛਿੜਦੀ ਹੈ ।
'ਕੰਬਣੀ' ਵਿਚ 'ਰੁਣ-ਝੁਣ' ਮਹਿਸੂਸ ਹੁੰਦੀ ਹੈ ।
ਅੰਤਰ-ਆਤਮੇ ਵਲ 'ਖਿੱਚ' ਪੈਂਦੀ ਹੈ ।
ਪਿਆਰ ਦੀਆਂ ਤਰਬਾਂ ਟੁੰਬੀਆਂ ਜਾਂਦੀਆਂ ਹਨ ।
'ਪ੍ਰੇਮ ਸਵੈਪਨਾ' ਦੀ ਸੂਖਮ 'ਥਰਥਰਾਹਟ' ਹੁੰਦੀ ਹੈ ।
ਆਤਮ-ਪਿਆਰ 'ਖਿੱਚ' ਖਾਂਦਾ ਹੈ ।
'ਪ੍ਰੀਤ ਵਲਵਲਿਆਂ' ਦੀਆਂ ਉਡਾਰੀਆਂ ਲਗਦੀਆਂ ਹਨ ।
'ਪ੍ਰੇਮ-ਪ੍ਰਕਾਸ਼' ਵਿਚ ਲੀਨ ਹੁੰਦਾ ਹੈ ।
'ਪ੍ਰੇਮ-ਰਸ' ਦੇ 'ਸੂਖਮ ਤਰੰਗ' ਮਾਣਦਾ ਹੈ ।
ਇਲਾਹੀ ਰਾਗ ਦੀ 'ਧੁਨੀ' ਛਿੜਦੀ ਹੈ ।
'ਅਨਹਦ ਧੁਨੀ' ਸੁਣਾਈ ਦੇਂਦੀ ਹੈ ।
'ਅਨਹਦ ਸਬਦ' ਦੀ 'ਰੁਣ-ਝੁਣ' ਛਿੜਦੀ ਹੈ ।
'ਇਲਾਹੀ ਨਾਦ' ਵਿਚ 'ਮਗਨਤਾ' ਆਉਂਦੀ ਹੈ ।
'ਮਗਨਤਾ' ਵਿਚ 'ਬੇ-ਖੁਦੀ' ਹੁੰਦੀ ਹੈ ।
'ਬੇ-ਖੁਦੀ' ਵਿਚ 'ਬਿਸਮਾਦ' ਹੁੰਦਾ ਹੈ ।
ਪ੍ਰੇਮ-ਪਿਆਲੇ ਦੀ 'ਖੁਮਾਰੀ' ਚੜ੍ਹਦੀ ਹੈ ।
'ਖੁਮਾਰੀ' ਵਿਚ ਅੱਖਾਂ 'ਨਸ਼ਈ' ਹੋ ਜਾਂਦੀਆਂ ਹਨ ।
ਨਸ਼ਈ ਅੱਖਾਂ ਵਿਚ 'ਆਤਮਿਕ ਚਮਕ' ਹੁੰਦੀ ਹੈ ।
ਚਮਕਦੀਆਂ ਅੱਖਾਂ ਵਿਚ 'ਬਿਨੌਦੀ' ਹੁੰਦੀ ਹੈ ।
'ਬਿਨੌਦੀ' ਵਿਚ 'ਪਿਆਰ ਦੀ ਝਲਕ' ਹੁੰਦੀ ਹੈ ।
ਪਿਆਰ ਦੀ ਝਲਕ ਵਿਚ 'ਖਿੱਚ' ਹੁੰਦੀ ਹੈ ।
ਇਲਾਹੀ ਝਲਕ ਵਿਚ 'ਅਜਲਾਂ ਦੇ ਸੁਨੇਹੇ' ਹੁੰਦੇ ਹਨ ।
ਇਲਾਹੀ ਸੁਨੇਹਿਆਂ ਵਿਚ 'ਸ਼ਬਦ' ਦਾ ਪ੍ਰਕਾਸ਼ ਹੁੰਦਾ ਹੈ ।



the thoughts of the minds of the truth-seekers -

turn away from the worldly ways
and
get connected with one's own Self (within).

In such a sublime 'satsang' or 'sadhsangat' the mind -

becomes calm.
is inspired
experiences vibrations of spiritual touch.
In the 'vibration' is felt the 'sweet jingling melody'.
There is a 'pull' towards the innermost consciousness.
The strings of love are touched.
The subtle vibrations of one's 'self-love' takes place.
Spiritual love experiences the 'pull'.
Flights of 'love-feelings' take place.
There is complete absorption in 'love-illumination'.
The mind enjoys the 'subtle waves' of 'love-relish'.
The 'sound' of divine music begins.
The 'unstruck sound' is heard.
The 'sweet jingling melody' of the 'unstruck sound' starts.
The engrossment in the 'divine sound' comes.
In 'engrossment' there is 'absorption' or deep meditation.
In 'absorption' there is 'ecstasy'.
The intoxication' of love-cup takes place.
In the 'intoxication' the eyes become 'drunk'.
In the drunk eyes there is 'spiritual shine'.
In the shining eyes there is 'joyfulness'.
In the 'joyfulness' there is 'shine of love'.
In the shine of love there is a 'pull'.
In the divine shine thee are 'messages' of death'.
In the divine messages there is the illumination of the 'shabad'.

ਸ਼ਬਦ ਦੇ ਪ੍ਰਕਾਸ਼ ਵਿਚ 'ਨਾਮ ਦਾ ਰਸ' ਹੁੰਦਾ ਹੈ।
'ਚੁਪ-ਪ੍ਰੀਤ' ਦੇ ਸੌਦੇ ਹੁੰਦੇ ਹਨ।
ਆਤਮ ਰੰਗ ਦਾ 'ਵਪਾਰ' ਹੁੰਦਾ ਹੈ।
ਮਹਾਂ ਰਸ ਦੀ 'ਲੇਵਾ-ਦੇਵੀ' ਹੁੰਦੀ ਹੈ।
'ਨਉ-ਨਿਧ ਨਾਮ' ਦੀ 'ਸਾਂਝ' ਹੁੰਦੀ ਹੈ।
'ਅੰਮ੍ਰਿਤ ਨਾਮ ਭੋਜਨ' ਵਰਤਦਾ ਹੈ।
'ਖਾਵਹਿ ਖਰਚਹਿ ਰਲਿ ਮਿਲਿ ਭਾਈ' ਦਾ ਵਰਤਾਰਾ ਹੁੰਦਾ ਹੈ।
ਮਨ ਨੂੰ 'ਨਾਵੈ ਕਾ ਰੰਗ' ਚੜ੍ਹਦਾ ਹੈ।

ਇਸ ਲਈ ਗੁਰਮੁਖ ਪਿਆਰਿਆਂ ਦਾ 'ਮੇਲ' ਯਾ 'ਸੰਗਤ' ਹੀ ਉਤਮ ਖਿਆਲਾਂ ਅਤੇ ਇਲਾਹੀ ਭਾਵਨਾਵਾਂ ਦੇ ਵਟਾਂਦਰੇ, 'ਲੇਵਾ-ਦੇਵੀ' ਜਾਂ 'ਪ੍ਰਚਾਰ' ਦਾ ਸੌਖਾ ਅਤੇ ਅਸਰਦਾਇਕ ਸਾਧਨ ਹੈ। ਇਕ ਦੂਜੇ ਦੇ ਮਨਾਂ ਉਤੇ ਖਿਆਲਾਂ ਦਾ ਪ੍ਰਭਾਵ ਪਾਉਣ ਲਈ-

ਇਕ ਪਾਸੇ

ਖਿਆਲਾਂ ਦੀ ਦ੍ਰਿੜਤਾ ਅਤੇ ਸ਼ਰਧਾ ਭਾਵਨੀ ਦੀ ਤੀਬਰਤਾ ਅਤੇ

ਦੂਜੇ ਪਾਸੇ

ਗ੍ਰਹਿਣ ਕਰਨ ਦੀ ਸ਼ਕਤੀ ਅਥਵਾ ਤੀਬਰ 'ਭੁੱਖ' ਯਾ 'ਪਿਆਸ'

ਲੋੜੀਂਦੀ ਹੈ।

ਦ੍ਰਿੜ੍ਹ ਵਿਸ਼ਵਾਸ ਅਤੇ ਡੂੰਘੀ ਸ਼ਰਧਾ ਭਾਵਨੀ ਵਾਲੇ 'ਮਨਾਂ' ਦੇ ਦਾਮਨਿਕ ਆਤਮਿਕ ਪ੍ਰਭਾਵ ਨਾਲ ਸਧਾਰਨ ਮਨਾਂ ਉਤੇ ਸਹਿਜੇ ਹੀ ਅਸਰ ਪੈਂਦਾ ਹੈ।

ਜਿਥੇ, ਕਿਸੇ ਆਮ 'ਸੰਗਤ' ਦੇ ਇਕੱਠ ਵਿਚ ਜ਼ੁਬਾਨੀ ਦਿਮਾਗੀ ਪ੍ਰਚਾਰ ਦਾ ਅਸਰ ਥੋੜੇ ਚਿਰ ਲਈ ਓਪਰਾ ਜਿਹਾ ਹੁੰਦਾ ਹੈ, ਉਥੇ ਆਤਮਿਕ ਜੀਵਨ ਵਾਲੇ ਮਹਾਂਪੁਰਖਾਂ ਦੀ 'ਦਾਮਨਿਕ ਸੰਗਤ' ਵਿਚ ਸ਼ਾਮਲ ਹੋਣ ਨਾਲ ਹੀ ਉਹਨਾ ਵਿਚੋਂ ਉਪਜੀਆਂ ਤੀਖਣ ਅਤੇ ਦਾਮਨਿਕ 'ਆਤਮਿਕ ਕਿਰਨਾਂ'—ਜਿਗਿਆਸੂਆਂ ਦੀਆਂ ਰੂਹਾਂ ਨੂੰ ਟੁੰਬ ਕੇ, ਚੁੱਪ-ਚਪੀਤੇ ਹੀ, ਉਨ੍ਹਾਂ ਦਾ 'ਜੀਵਨ' ਬਦਲ ਸਕਦੀਆਂ ਹਨ।

ਇਹੀ ਅਸੂਲ ਮਹਾਂ ਪੁਰਖਾਂ ਦੀਆਂ 'ਲੇਖਣੀਆਂ' ਤੇ ਭੀ ਘਟਦਾ ਹੈ, ਜੋ ਕਿ ਉਨ੍ਹਾਂ ਦੇ ਆਤਮਿਕ 'ਅਨੁਭਵੀ ਗਿਆਨ' ਅਤੇ ਦ੍ਰਿੜ੍ਹ ਸ਼ਰਧਾ-ਭਾਵਨੀ ਤੋਂ ਉਪਜਦੀਆਂ ਹਨ। ਐਸੀਆਂ 'ਲੇਖਣੀਆਂ' ਆਤਮਿਕ ਮੰਡਲ ਦੇ 'ਅਨੁਭਵੀ ਪ੍ਰਕਾਸ਼' ਦਾ ਪ੍ਰਗਟਾਵਾ ਤੇ ਪ੍ਰਤੀਕ ਹੁੰਦੀਆਂ ਹਨ।



In the illumination of the 'shabad' there is 'relish of Naam'.
Dealings of 'silent-love' take place.
Transaction or business of 'spiritual colour' take place.
The interaction of supreme relish takes place.
The 'sharing' of the 'treasure o Naam' takes place.
The distribution of the food of 'ambrosial nectar Naam' takes place.
The prevalence of brotherly meeting, eating and spending takes place.
The mind is dyed with the 'colour of Naam'

For this reason, the easy and effective method of the exchange, 'interaction' or 'preaching' of the superior thoughts and divine feelings is indeed the 'meeting' or 'company' of guru-orientated beloveds. to influence the minds of one another with one's thoughts -

on one side

the resoluteness of thoughts and the intensity of faith filled desire and

on the other side

the power to acquire that is the 'hunger' or 'thirst'

is needed.

It is natural for those whose minds are filled the dynamic divine influence of absolute belief and in-depth faith filled desire, to influence ordinary minds.

Where is some general gathering of 'sangat' or congregation, the effect of some oral intellectual preaching remains for a short time and is superficial, there by being in the dynamic company of some great soul leading spiritual life, the intense and dynamic 'spiritual rays' emerging from him and touching the souls of the truth seekers, silently, can 'change' their lives.

The same principle applies to articles written by great-souls. Such articles are the result of their spiritual 'intuitional knowledge' and resolute faith-filled desire and are the manifestation and symbol of the 'intuitional illumination' of the spiritual realm

ਇਹ **ਅਨੁਭਵੀ ਪ੍ਰਕਾਸ਼ ਦੀਆਂ 'ਲਿਸ਼ਕਾਂ' ਅਥਵਾ 'ਇਲਾਹੀ ਕਿਰਨਾਂ'** ਸਦਾ— **ਨਿਰੋਲ, ਨਿਰਮਲ, ਸੱਜਰੀਆਂ, ਇਲਾਹੀ 'ਝਲਕਾਂ' ਹੁੰਦੀਆਂ ਹਨ,** ਜੋ ਹੋਰਨਾਂ ਰੂਹਾਂ ਨੂੰ **'ਟੁੰਬਣ' ਅਤੇ 'ਆਤਮਿਕ ਚਿਣਗ' ਨਾਲ ਜਗਾਉਣ ਦੀ ਸ਼ਕਤੀ ਰਖਦੀਆਂ ਹਨ ।**

ਅਸਥੂਲ ਪੱਧਰ ਤੇ, ਜੇਕਰ 'ਲੇਜ਼ਰ ਰੇਜ਼' (laser rays) ਧਾਤ ਦੀਆਂ ਮੋਟੀਆਂ ਚਾਦਰਾਂ ਨੂੰ **ਵਿੰਨ੍ਹ ਸਕਦੀਆਂ ਹਨ** ਅਤੇ ਪਰਮਾਣੂ ਬੰਬ ਤੋਂ ਨਿਕਲੀਆਂ ਹੋਈਆਂ ਦਾਮਨਿਕ ਕਿਰਨਾਂ (dynamic rays) ਇਤਨੀ ਬਰਬਾਦੀ ਕਰ ਸਕਦੀਆਂ ਹਨ, ਤਾਂ ਬਖਸ਼ੇ ਹੋਏ ਮਹਾਂ-ਪੁਰਖਾਂ ਦੀ **'ਸੰਗਤ' ਵਿਚੋਂ ਨਿਕਲੀਆਂ 'ਦਾਮਨਿਕ ਆਤਮਿਕ ਕਿਰਨਾਂ' ਭੀ,** ਮਾਇਆ ਦੇ ਮੋਟੇ ਸਬੱਲ **ਮਾਨਸਿਕ 'ਛੌੜ' ਯਾ ਭਰਮ ਦੇ ਕਾਲੇ-ਬੋਲੇ 'ਬੱਦਲ' ਚੀਰ ਕੇ—**

ਜੀਵ ਦੀ ਆਤਮਾਂ ਨੂੰ ਜਾ **ਛੂੰਹਦੀਆਂ ਹਨ**

**ਅਤੇ**

ਆਤਮਿਕ **ਪ੍ਰਕਾਸ਼-ਮਈ ਮੰਡਲ ਦਾ 'ਝਲਕਾਰਾ'**
(Divine glimpses) **ਦਿਖਾ ਸਕਦੀਆਂ ਹਨ !!**

ਦੂਜੇ ਲਫਜਾਂ ਵਿਚ ਜੇਕਰ **ਸ਼ਕਤੀਸ਼ਾਲੀ ਮਨ**-ਸਾਧਾਰਨ ਮਨਾਂ **ਦੇ** ਦਿਮਾਗੀ ਵਲਵਲਿਆਂ ਦੀ 'ਸਤਾਹ' ਉਤੇ ਇਤਨਾ **ਅਸਰ ਪਾ ਸਕਦਾ ਹੈ ਤਾਂ ਬਖਸ਼ੇ ਹੋਏ ਆਤਮਿਕ ਜੀਵਨ ਵਾਲੇ ਮਹਾਂਪੁਰਖਾਂ—ਗੁਰਮੁਖ ਪਿਆਰਿਆਂ ਦੀਆਂ 'ਇਲਾਹੀ ਕਿਰਨਾਂ' ਜਗਿਆਸੂਆਂ ਦੀਆਂ ਰੂਹਾਂ ਨੂੰ –'ਟੁੰਬ' ਕੇ, 'ਜਗਾ' ਕੇ, ਆਤਮ–'ਛੋਹ' ਦੁਆਰਾ, ਆਤਮਿਕ 'ਚਿਣਗ' ਦੁਆਰਾ ਇਲਾਹੀ 'ਪ੍ਰਕਾਸ਼ ਮੰਡਲ' ਦਾ 'ਲਿਸ਼ਕਾਰਾ' ਦਿਖਾ ਸਕਦੀਆਂ ਹਨ !!**

ਇਸ ਤਰ੍ਹਾਂ **ਸੱਚੀ-ਸੁੱਚੀ 'ਸਤਸੰਗਤਿ' ਅਥਵਾ 'ਸਾਧ ਸੰਗਤ' ਤੋਂ ਉਪਜੀਆਂ ਕਿਰਨਾਂ ਜਗਿਆਸੂ ਦੀ ਰੂਹ ਨੂੰ ਚੁਪ–ਚਪੀਤੇ ਹੀ ਬਦਲ ਦਿੰਦੀਆਂ ਹਨ** ਅਤੇ ਉਨ੍ਹਾਂ ਦਾ ਆਤਮਿਕ ਮੰਡਲ ਵਿਚ **'ਨਵਾਂ' ਜਨਮ ਹੁੰਦਾ ਹੈ ।**

**ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥**
**ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ॥** (ਪੰਨਾ-੨੦੪)

ਜਾ ਕੈ ਮਸਤਕਿ ਕਰਮ ਪ੍ਰਭਿ ਪਾਏ ॥ **ਸਾਧ ਸਰਣਿ ਨਾਨਕ ਤੇ ਆਏ ॥** (ਪੰਨਾ-੨੯੬)

**ਨਦਰਿ ਪ੍ਰਭੂ ਸਤਸੰਗਤਿ ਪਾਈ ਨਿਜ ਘਰਿ ਹੋਆ ਵਾਸਾ ॥**
ਹਰਿ ਮੰਗਲ ਰਸਿ ਰਸਨ ਰਸਾਏ ਨਾਨਕ ਨਾਮੁ ਪ੍ਰਗਾਸਾ ॥ (ਪੰਨਾ-੭੭੪-੭੫)

**ਧਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ**
**ਮਿਲਿ ਜਨ ਨਾਨਕ ਨਾਮੁ ਪਰਗਾਸਿ ॥** (ਪੰਨਾ-੧੦)



These 'glitters' or 'divine rays of intuitional illumination are always pure, clean, fresh divine 'flashes' which are capable of touching and awakening other souls with the 'spiritual ember'.

If laser rays can pierce massive thick sheets of metal and the dynamic rays emerging from the atom bomb can cause so much destruction then the 'dynamic spiritual rays' emerging from the 'company' of spiritually evolved great-souls too, cutting through the dark-deaf 'cloud' of thick
powerful mental 'fallacy' or doubt (can0

touch the soul of man

and

show the divine glimpse of

the spiritual illuminated realm.

In other words, if a strong mind can have so much influence on the 'level' o intellectual feelings of simple minds, then the 'divine rays' of the spiritually evolved great souls—guru-orientated beloveds leading spiritual lives (can surely) inspire, awaken the souls of the truth-seekers and through spiritual 'touch', spiritual 'ember', can show the 'flash' of divine illuminated realm!!

In this way rays emerging from true-pure 'satsangat' or 'sadhsangat' quietly-silently change the soul of the truth-seeker and he takes a 'new' birth in the spiritual realm.

1 *When the seed of the karma of past actions sprouted, I met the Lord; He is both the Enjoyer and the Renunciate.*
*My darkness was dispelled when I met the Lord. O Nanak, after being asleep for countless incarnations, I have awakened.* 204

2 *Those, who have such pre-ordained destiny on their foreheads,*
*O Nanak, enter the Sanctuary of the Saints.* 296

3 *By God's Grace, I found the Sat Sangat, the True Congregation. I dwell in the home of my own inner being.*
*My tongue tastes the taste of the Lord's joyous song; O Nanak, the Naam shines forth brightly.* 774-75

4 *Blessed, blessed is the Sat Sangat, the True Congregation, where the Lord's Essence is obtained. Meeting with His humble servant, O Nanak, the Light of the Naam shines forth.* 10

ਨਾਨਕ ਹਰਿ ਜਸੁ ਸੰਗਤਿ ਪਾਈਐ
ਹਰਿ ਸਹਜੇ ਸਹਜਿ ਮਿਲਾਲਿਆ ॥ (ਪੰਨਾ-੧੦੪੨)

ਸਤਸੰਗਤਿ ਮਹਿ ਨਾਮੁ ਨਿਰਮੋਲਕੁ ਵਡੈ ਭਾਗਿ ਪਾਇਆ ਜਾਈ ॥ (ਪੰਨਾ-੯੦੯)

ਵਡੈ ਭਾਗਿ ਪਾਇਆ ਸਾਧਸੰਗੁ ॥
ਪਾਰਬ੍ਰਹਮ ਸਿਉ ਲਾਗੋ ਰੰਗ ॥ (ਪੰਨਾ-੧੭੮)

ਵਡੈ ਭਾਗਿ ਸਤਸੰਗਤਿ ਪਾਈ ਹਰਿ ਹਰਿ ਨਾਮੁ ਰਹਿਆ ਭਰਪੂਰਿ ॥ (ਪੰਨਾ-੧੧੯੮)

ਜੇ ਵਡ ਭਾਗ ਹੋਵਹਿ ਮੁਖਿ ਮਸਤਕਿ ਹਰਿ ਰਾਮ ਜਨਾ ਭੇਟਾਇ ॥ (ਪੰਨਾ-੮੮੧)

ਸਤਸੰਗਤਿ ਮਹਿ ਤਿਨ ਹੀ ਵਾਸ਼ਾ ਜਿਨ ਕਉ ਧੁਰਿ ਲਿਖਿ ਪਾਈ ਹੇ ॥ (ਪੰਨਾ-੧੦੪੪)

ਪ੍ਰੇਮ ਭਗਤਿ ਨਾਨਕ ਸੁਖੁ ਪਾਇਆ ਸਾਧੂ ਸੰਗਿ ਸਮਾਈ ॥ (ਪੰਨਾ-੩੮੪)
ਸੁਭਰ ਭਰੇ ਪ੍ਰੇਮ ਰਸ ਰੰਗਿ ॥
ਉਪਜੈ ਚਾਉ ਸਾਧ ਕੈ ਸੰਗਿ ॥ (ਪੰਨਾ-੨੮੯)

ਨਾਨਕ ਪ੍ਰੀਤਿ ਲਗੀ ਤਿਨ੍ ਰਾਮ ਸਿਉ ਭੇਟਤ ਸਾਧ ਸੰਗਾਤ ॥ (ਪੰਨਾ-੪੫੪)

ਸਾਧ ਕੈ ਸੰਗਿ ਨਹੀ ਕਛੁ ਘਾਲ ॥
ਦਰਸਨੁ ਭੇਟਤ ਹੋਤ ਨਿਹਾਲ ॥ (ਪੰਨਾ-੨੭੨)

ਗੋਵਿੰਦੁ ਗੋਵਿੰਦੁ ਪ੍ਰੀਤਮੁ ਮਨਿ ਪ੍ਰੀਤਮੁ
ਮਿਲਿ ਸਤਸੰਗਤਿ ਸਬਦਿ ਮਨੁ ਮੋਹੈ ॥ (ਪੰਨਾ-੪੯੨)

ਓਤਿ ਪੋਤਿ ਰਵਿਆ ਰੂਪ ਰੰਗ ॥
ਭਏ ਪ੍ਰਗਾਸ ਸਾਧ ਕੈ ਸੰਗ ॥ (ਪੰਨਾ-੨੮੭-੮੮)

ਸਾਧਸੰਗਿ ਬਸਤੁ ਅਗੋਚਰ ਲਹੈ ॥
ਸਾਧੂ ਕੈ ਸੰਗਿ ਅਜਰੁ ਸਹੈ ॥ (ਪੰਨਾ-੨੭੧)

ਸਾਧੂ ਸੰਗਿ ਸਿਖਾਇਓ ਨਾਮੁ ॥
ਸਰਬ ਮਨੋਰਥ ਪੂਰਨ ਕਾਮ ॥ (ਪੰਨਾ-੩੯੩)



1 *O Nanak, in the Sangat, the Holy Congregation, the Lord's Praise is obtained, and one easily, intuitively meets the Lord.* 1042

2 *The Priceless Naam is in the Society of the Saints; by great good fortune, it is obtained.* 909

3 *By great good fortune, I found the Saadh Sangat, the Company of the Holy; I have fallen in love with the Supreme Lord God.* 1198

4 *By great good fortune, I have found the Sat Sangat; the Name of the Lord, Har, Har, is all-prevading everywhere.* 1189

5 *If someone has supremely high destiny written on his forehead, the Lord leads him to meet the humble servants of the Lord.* 881

6 *They alone dwell in the Sat Sangat, the True Congregation, who have such pre-ordained destiny.* 1044

7 *Through loving devotional worship, O Nanak, I have obtained peace; in the Saadh Sangat, the Company of the Holy, I am absorbed into the Lord.* 384

8 *They are totally filled to over-flowing with the sweet delight of His Love. Spiritual delight wells up within, in the Saadh Sangat, the Company of the Holy.* 289

9 *O Nanak, they embrace love for the Lord, meeting the Saadh Sangat, the Company of the Holy.* 454

10 *In the Company of the Holy, there is no suffering. The Blessed Vision of their Darshan brings a sublime, happy peace.* 272

11 *The Lord, the Lord of the Universe is the Beloved of the minds of those who join the Sat Sangat, the True Congregation. The Shabad of His Word fascinates their minds.* 492

12 *Through and through, He pervades in form and color. He is revealed in the Company of the Holy.* 287-88

13 *In the Company of the Holy, one grasps the Incomprehensible. In the Company of the Holy, one can endure the unendurable.* 271

14 *In the Saadh Sangat, the Company of the Holy, the Naam is learned; all desires and tasks are fulfilled.* 363

L86.14

ਜਨਮ ਮਰਣ ਕੀ ਮਿਟੀ ਜਮ ਤ੍ਰਾਸ ॥

**ਸਾਧਸੰਗਤਿ ਊਂਧ ਕਮਲ ਬਿਗਾਸ ॥** (ਪੰਨਾ-੧੧੪੮)

ਐਸੀ ਉਚੀ-ਸੁਚੀ ਆਤਮਿਕ ਸਤਸੰਗਤ ਅਥਵਾ **'ਸਾਧ ਸੰਗਤ' ਲਈ** ਗੁਰਬਾਣੀ ਸਾਨੂੰ **ਇਉਂ ਜਾਚਨਾ ਕਰਨੀ ਸਿਖਾਉਂਦੀ ਹੈ –**

**ਸਾਧਸੰਗਿ ਪ੍ਰਭ ਦੇਹੁ ਨਿਵਾਸ ॥**
**ਸਰਬ ਸੂਖ ਨਾਨਕ ਪਰਗਾਸ ॥** (ਪੰਨਾ-੨੯੦)

**ਹਰਿ ਜੀਉ ਆਗੈ ਕਰੀ ਅਰਦਾਸਿ ॥**
**ਸਾਧੂ ਜਨ ਸੰਗਤਿ ਹੋਇ ਨਿਵਾਸੁ ॥**
**ਕਿਲਵਿਖ ਦੁਖ ਕਾਟੇ ਹਰਿਨਾਮੁ ਪ੍ਰਗਾਸੁ ॥** (ਪੰਨਾ-੪੧੫)

ਨਾਨਕ ਕੀ ਪ੍ਰਭ ਬੇਨਤੀ ਮੇਰੀ ਜਿੰਦੁੜੀਏ ਮਿਲਿ ਸਾਧੂ ਸੰਗਿ ਅਘਾਣੇ ਰਾਮ ॥ (ਪੰਨਾ-੫੪੧)

**ਹਰਿ ਹਰਿ ਸੰਤ ਮਿਲਹੁ ਮੇਰੇ ਭਾਈ**
**ਹਰਿ ਨਾਮੁ ਦ੍ਰਿੜਾਵਹੁ ਇਕ ਕਿਨਕਾ ॥** (ਪੰਨਾ-੬੫੦)

**ਹਰਿ ਹਰਿ ਮੇਲਿ ਸਾਧ ਜਨ ਸੰਗਤਿ ਮੁਖਿ ਬੋਲੀ ਹਰਿ ਹਰਿ ਭਲੀ ਬਾਣੀ ॥**

ਹਰਿ ਹਰਿ ਕ੍ਰਿਪਾ ਧਾਰਿ ਮਧੁਸੂਦਨ
**ਮਿਲਿ ਸਤਿਸੰਗਿ ਓਮਾਹਾ ਰਾਮ ॥** (ਪੰਨਾ-੬੯੯)

**ਹਰਿ ਕਿਰਪਾ ਧਾਰਿ ਮੇਲਹੁ ਸਤਸੰਗਤਿ**
**ਹਮ ਧੋਵਹ ਪਗ ਜਨ ਕੇ ॥** (ਪੰਨਾ-੭੩੧)

ਕਹੁ ਨਾਨਕ ਪ੍ਰਭ ਬਖਸ ਕਰੀਜੈ ॥
**ਕਰਿ ਕਿਰਪਾ ਮੋਹਿ ਸਾਧਸੰਗੁ ਦੀਜੈ ॥** (ਪੰਨਾ-੭੩੮-੩੯)

ਕਰਹੁ ਕ੍ਰਿਪਾ ਕਰੁਣਾਪਤੇ ਤੇਰੇ ਹਰਿ ਗੁਣ ਗਾਉ ॥
**ਨਾਨਕ ਕੀ ਪ੍ਰਭ ਬੇਨਤੀ ਸਾਧਸੰਗਿ ਸਮਾਉ ॥** (ਪੰਨਾ-੭੪੫-੪੬)



1 *My fear of birth and death and the Messenger of Death has been dispelled.*
*In the Saadh Sangat, the inverted lotus of my heart has blossomed forth.1148*

Gurbani teaches us to make a request for such lofty-pure spiritual 'satsangat' or 'sadhsangat' thus -

2 *O God, grant me a home in the Company of the Holy.*
*All pleasures, O Nanak, are so revealed.* 290

3 *I offer my prayer to the Lord,*
*that I might dwell in the Saadh Sangat, the Company of the Holy.*
*There, sins and sufferings are erased, and one is illumined with the Lord's Name.* 415

4 *Nanak offers his prayer to God, O my soul; joining the Saadh Sangat, the Company of the Holy, he is satisfied.* 541

5 *O Saints of the Lord, O my Siblings of Destiny, please meet with me, and im plant the Name of the One Lord within me.* 650

6 *O Lord, unite me with the Saadh Sangat, the Company of the Holy, so that with my mouth, I may speak the sublime Word of the Guru's Bani.* 651

7 *O Lord, Har, Har, Destroyer of demons, have mercy upon me; bless me with a sincere yearning to join the Sat Sangat.* 699

8 *Bless me with Your Mercy, Lord, and unite me with the Sat Sangat; I wash the feet of Your humble servants.* 731

9 *Have Mercy upon me, and bless me with the Saadh Sangat, the Company of the Holy.* 738-39

10 *Have Mercy on me, O Lord of Compassion; please let me sing Your Glorious Praises, O Lord.*
*This is Nanak's prayer, O Lord, that he may join and merge with the Saadh Sangat, the Company of the Holy.* 745-46

L86-15

ਕਰਿ ਕਿਰਪਾ ਮੋਹਿ ਮਾਰਗਿ ਪਾਵਹੁ ॥
ਸਾਧਸੰਗਤਿ ਕੈ ਅੰਚਲਿ ਲਾਵਹੁ ॥ (ਪੰਨਾ-੮੦੧)

ਕੋਈ ਆਵੈ ਸੰਤੋ ਹਰਿ ਕਾ ਜਨੁ ਸੰਤੋ ਮੇਰਾ ਪ੍ਰੀਤਮ ਜਨੁ ਸੰਤੋ
ਮੋਹਿ ਮਾਰਗੁ ਦਿਖਲਾਵੈ ॥ (ਪੰਨਾ-੧੨੦੧)

ਚਲਦਾ.........

1 *Have Mercy upon me, and place me upon the Path;*
*let me be attached to the hem of the robe of the Saadh Sangat, the Company of the Holy.* *801*

2 *If only some Saint, some humble Saint of the Lord, my Holy Beloved, would come, to show me the way.* *1201*

Cont/......Lekh 87 Part 7


L86.16